ਪੰਜਾਬੀ ਯੂਨੀਵਰਸਿਟੀ, ਪਟਿਆਲਾ
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਟਰਾਂਸਪੋਰਟ ਵਿਭਾਗ

ਨੰ. 2142/Tpt.
ਮਿਤੀ: 08-11-2024

## ਨਿਲਾਮੀ ਨੋਟਿਸ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀਆਂ ਬੱਸਾਂ/ਗੱਡੀਆਂ ਦੇ ਪੁਰਾਣੇ ਕੰਡਮ ਟਾਇਰ/ਟਿਊਬ ਅਤੇ ਸਕਰੈਪ ਆਦਿ ਸਮਾਨ ਨੂੰ ਮਿਤੀ 11-11-2024 ਸ਼ਵੇਰੇ 11-00 ਵਜੇ ਖੁੱਲ੍ਹੀ ਬੋਲੀ ਰਾਹੀਂ ਟਰਾਂਸਪੋਰਟ ਵਿਭਾਗ ਦੇ ਸਟੋਰ ਦੇ ਸਾਹਮਣੇ ਨਿਲਾਮ ਕੀਤਾ ਜਾਵੇਗਾ। ਨਿਲਾਮੀ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1). ਹਰ ਬੋਲੀਕਾਰ ਨੂੰ ਬੋਲੀ ਤੋ ਪਹਿਲਾਂ 5000/ਰੁ: ਬਿਆਨਾਂ ਰਕਮ ਨਕਦ ਜਮ੍ਹਾਂ ਕਰਾਉਣੀ ਹੋਵੇਗੀ।

2). ਬੋਲੀ ਖਤਮ ਹੋਣ ਤੇ ਸਭ ਤੋ ਜ਼ਿਆਦਾ ਬੋਲੀ ਦੇਣ ਵਾਲੇ ਨੂੰ ਕੁੱਲ ਰਕਮ ਦਾ 25% ਹਿੱਸਾ ਮੌਕੇ ਉਪਰ ਹੀ ਜਮ੍ਹਾਂ ਕਰਾਉਣਾ ਪਵੇਗਾ ਅਤੇ ਬਾਕੀ ਰਕਮ ਤਿੰਨ ਦਿਨਾਂ ਦੇ ਅੰਦਰ ਬੋਲੀ ਮਾਨਯੋਗ ਵਾਈਸ ਚਾਂਸਲਰ ਸਾਹਿਬ ਵੱਲੋਂ ਪ੍ਰਵਾਨ ਕਰਨ ਤੇ ਜਮ੍ਹਾਂ ਕਰਾਉਣੀ ਹੋਵੇਗੀ।

3) ਜੇਕਰ ਬੋਲੀਕਾਰ ਅਸਫ਼ਲ ਰਹੇ ਤਾਂ ਨਿਲਾਮੀ ਹੋਣ ਉਪਰੰਤ ਇਹ ਰਕਮ ਵਾਪਸ ਕਰ ਦਿੱਤੀ ਜਾਵੇਗੀ। ਜੇਕਰ ਸਫਲ ਬੋਲੀਕਾਰ ਨਿਲਾਮੀ ਦੇਣ ਉਪਰੰਤ ਸਮਾਨ ਲੈਣ ਤੋਂ ਇਨਕਾਰ ਕਰੇਗਾ ਤਾਂ ਇਹ ਰਕਮ ਜ਼ਬਤ ਕਰ ਲਈ ਜਾਵੇਗੀ।

4). ਮਾਨਯੋਗ ਵਾਈਸ ਚਾਂਸਲਰ ਜੀ ਨੂੰ ਵਜ੍ਹਾ ਬਿਆਨ ਕੀਤੇ ਜਾਂ ਕਾਰਨ ਦੱਸੇ ਬਿਨ੍ਹਾਂ ਬੋਲੀ ਨੂੰ ਮੰਨਜ਼ੂਰ ਜਾਂ ਨਾ-ਮੰਨਜ਼ੂਰ ਕਰਨ ਦਾ ਪੂਰਾ ਅਧਿਕਾਰ ਹੋਵੇਗਾ।

5). ਪੁਰਾਣਾ ਕੰਡਮ ਟਾਇਮ/ਟਿਊਬ, ਸਕਰੈਪ ਸਮਾਨ ਆਦਿ ਕਿਸੇ ਕੰਮਕਾਜ ਵਾਲੇ ਦਿਨ ਸਵੇਰੇ 11-00 ਵਜੇ ਤੋਂ ਬਾਅਦ ਦੁਪਹਿਰ 3-00 ਵਜੇ ਤੱਕ ਵੇਖਿਆ ਜਾ ਸਕਦਾ ਹੈ।

6) ਉਪਰੋਕਤ ਸ਼ਰਤਾਂ ਤੋ ਇਲਾਵਾ ਹੋਰ ਸ਼ਰਤਾਂ ਬੋਲੀ ਦੇਣ ਸਮੇਂ ਹੀ ਦੱਸੀਆਂ ਜਾਣਗੀਆਂ।

ਸੁਰੱਖਿਆ-ਕਮ-ਟਰਾਂਸਪੋਰਟ ਅਫ਼ਸਰ